# ਮਾਡਲ ਪ੍ਰਸ਼ਨ ਪੱਤਰ
# ਸੈਸ਼ਨ - 2020-21
## ਅਰਥਸ਼ਾਸ਼ਤਰ
# 10+2

Time allowed: 3 hours Maximum Marks: 80

ਹਿਦਾਇਤਾਂ:

1. ਸਧਾਰਣ ਕੈਲਕੁਲੇਟਰ ਦੀ ਵਰਤੋਂ ਦੀ ਆਗਿਆ ਹੈ।
2. ਪ੍ਰਸ਼ਨ ਨੰ. 1 ਦੇ 20 ਉਪ ਭਾਗ ਹੋਣਗੇ।ਹਰ ਪ੍ਰਸ਼ਨ ਬਹੁ-ਵਿਕਲਪੀ ਹੋਵੇਗਾ। ਹਰ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ।
3. ਪ੍ਰਸ਼ਨ ਨੰ. 2 ਦੇ 10 ਉਪ ਭਾਗ ਹੋਣਗੇ।ਹਰ ਪ੍ਰਸ਼ਨ ਦੇ 1 ਅੰਕ ਹੋਵੇਗਾ।
4. ਪ੍ਰਸ਼ਨ ਨੰ. 3 ਦੇ 15 ਉਪ ਭਾਗ ਹੋਣਗੇ।ਹਰ ਪ੍ਰਸ਼ਨ ਦੇ 2 ਅੰਕ ਹੋਣਗੇ। ਹਰ ਪ੍ਰਸ਼ਨ ਦਾ ਉੱਤਰ 30-35 ਸ਼ਬਦਾਂ ਵਿੱਚ ਦੇਣਾ ਹੋਵੇਗਾ।
5. ਪ੍ਰਸ਼ਨ ਨੰ. 4 ਦੇ 5 ਉਪ ਭਾਗ ਹੋਣਗੇ।ਹਰੇਕ ਭਾਗ ਵਿੱਚ 100% ਆਂਤਰਿਕ ਛੋਟ ਹੋਵੇਗੀ।ਹਰ ਪ੍ਰਸ਼ਨ ਦੇ 4 ਅੰਕ ਹੋਣਗੇ।ਹਰ ਪ੍ਰਸ਼ਨ ਦਾ ਉੱਤਰ 60-70 ਸ਼ਬਦਾਂ ਵਿੱਚ ਦੇਣਾ ਹੋਵੇਗਾ।

## ਭਾਗ-ੳ

**1.** ਸਾਰੇ ਪ੍ਰਸ਼ਨ ਜਰੂਰੀ ਹਨ। ਹਰ ਪ੍ਰਸ਼ਨ ਦਾ 1 ਅੰਕ ਹੈ।ਸਹੀ ਉੱਤਰ ਦੀ ਚੋਣ ਕਰੋ: 20*1=20

**(i) ਸਮਸ਼ਟੀ ਅਰਥਸ਼ਾਸਤਰ ਅਧਿਐਨ ਕਰਦਾ ਹੈ:**

(a) ਇੱਕ ਵਿਅਕਤੀ ਵਿਸ਼ੇਸ਼ ਦਾ (b) ਇੱਕ ਉਦਯੋਗ ਦਾ

(c) ਸੰਪੂਰਨ ਅਰਥਵਿਵਸਥਾ ਦਾ (d) ਇਹਨਾਂ ਵਿੱਚੋਂ ਕੋਈ ਨਹੀ

**(ii) ਆਧੁਨਿਕ ਸਮਸ਼ਟੀ ਅਰਥਸ਼ਾਸਤਰ ਦਾ ਪਿਤਾ ਕਿਸ ਨੂੰ ਮੰਨਿਆ ਜਾਂਦਾ ਹੈ?**

(a) ਜੇ. ਐਮ. ਕੇਨਜ਼ (b) ਰਿਕਾਰਡੋ

(b) ਐਡਮ ਸਮਿੱਥ (d) ਮਾਲਥਸ

**(iii) ਹੇਠਾਂ ਵਿੱਚੋਂ ਕਿਹੜਾ ਪ੍ਰਵਾਹ ਚਰ ਨਹੀ ਹੈ?**

(a) ਆਮਦਨ (b) ਪੂੰਜੀ ਨਿਰਮਾਣ

(c) ਸੰਪੱਤੀ (d) ਵਿੱਕਰੀ

**(iv) ਚੀਨੀ ਦੇ ਉਤਪਾਦਨ ਵਿੱਚ ਗੰਨਾ ਕਿਸ ਪ੍ਰਕਾਰ ਦੀ ਵਸਤੂ ਹੈ?**

(a) ਅੰਤਿਮ ਵਸਤੂ (b) ਪੂੰਜੀਗਤ ਵਸਤੂ

(c) ਮੱਧਵਰਤੀ ਵਸਤੂ (d) ਉਪਰੋਕਤ ਵਿੱਚੋਂ ਕੋਈ ਨਹੀ

**(v) ਸ਼ੁੱਧ ਅਪ੍ਰਤੱਖ ਕਰ =?**

(a) ਅਪ੍ਰਤੱਖ ਕਰ + ਆਰਥਿਕ ਸਹਾਇਤਾ (b) ਅਪ੍ਰਤੱਖ ਕਰ - ਆਰਥਿਕ ਸਹਾਇਤਾ

(c) ਪ੍ਰਤੱਖ ਕਰ - ਅਪ੍ਰਤੱਖ ਕਰ (d) ਅਪ੍ਰਤੱਖ ਕਰ + ਪ੍ਰਤੱਖ ਕਰ

**(vi) ਭਾਰਤ ਵਿੱਚ 1 ਰੁਪਏ ਦਾ ਨੋਟ ਕਿਸ ਦੁਆਰਾ ਜਾਰੀ ਕੀਤਾ ਜਾਂਦਾ ਹੈ?**

(a) ਭਾਰਤੀ ਰਿਜ਼ਰਵ ਬੈਂਕ ਦੁਆਰਾ (b) ਭਾਰਤ ਸਰਕਾਰ ਦੁਆਰਾ

(c) ਵਿੱਤ ਮੰਤਰਾਲੇ ਦੁਆਰਾ (d) ਉਪਰੋਕਤ ਵਿੱਚੋਂ ਕੋਈ ਨਹੀ

**(vii)** **ਹੇਠਾਂ ਵਿੱਚੋਂ ਕਿਹੜਾ ਅਪ੍ਰਤੱਖ ਕਰ ਹੈ?**

(a) ਆਮਦਨ ਕਰ (b) ਨਿਗਮ ਕਰ

(c) ਸੰਪੱਤੀ ਕਰ (d) ਮੁੱਲ ਵਾਧਾ ਕਰ

**(viii)** **ਜੇਕਰ ਸੀਮਾਂਤ ਉਪਭੋਗ ਪ੍ਰਵਿਰਤੀ (MPC) .70 ਹੋਵੇ ਤਾਂ ਸੀਮਾਂਤ ਬੱਚਤ ਪ੍ਰਵਿਰਤੀ (MPS) ਕਿੰਨੀ ਹੋਵੇਗੀ?**

(a) .70 (b) 1.0

(c) .30 (d) ਉਪਰੋਕਤ ਵਿੱਚੋਂ ਕੋਈ ਨਹੀ

**(ix)** **ਔਸਤ ਉਪਭੋਗ ਪ੍ਰਵਰਤੀ =?**

(a) $\Delta C/\Delta Y$ (b) S/Y

(c) Y/C (d) C/Y

**(x)** **ਹੇਠਾਂ ਵਿੱਚੋਂ ਕਿਹੜਾ ਵਪਾਰਕ ਬੈਂਕ ਦਾ ਮੁੱਖ ਕੰਮ ਨਹੀ ਹੈ?**

(a) ਉਧਾਰ ਦੇਣਾ (b) ਜਮਾਂ ਸਵਿਕਾਰ ਕਰਨਾ

(c) ਉਪਰੋਕਤ ਦੋਵੇਂ (d) ਲੋਕਰ ਦੀ ਸੁਵਿਧਾ

**(xi)** **ਯੋਜਨਾ ਆਯੋਗ ਦੀ ਸਥਾਪਨਾ ਕਦੋਂ ਹੋਈ ?**

(a) 1950 (b) 1951

(c) 1947 (d) 1952

**(xii)** **ਵਰਤਮਾਨ ਵਿੱਚ ਭਾਰਤ ਦੀ ਕਿੰਨੀ ਅਬਾਦੀ ਖੇਤੀ ਤੇ ਨਿਰਭਰ ਕਰਦੀ ਹੈ?**

(a) 59% (b) 62%

(c) 59% (d) 51%

**(xiii)** **ਵਰਤਮਾਨ ਵਿੱਚ ਕਿੰਨੇ ਉਦਯੋਗਾਂ ਲਈ ਲਾਇਸੈਂਸ ਲੈਣਾ ਲਾਜ਼ਮੀ ਹੈ?**

(a) 5 (b) 4

(c) 3 (d) 2

**(xiv)** **ਵਿਸ਼ਵੀਕਰਨ ਲਈ ਵਿਦੇਸ਼ੀ ਨਿਵੇਸ਼ ਦੀ ਸੀਮਾ -**

(a) ਵਧਾ ਦਿੱਤੀ ਗਈ (b) ਘਟਾ ਦਿੱਤੀ ਗਈ

(c) ਸਥਿਰ ਰੱਖੀ ਗਈ (d) ਉਪਰੋਕਤ ਵਿੱਚੋਂ ਕੋਈ ਨਹੀ

**(xv)** **ਭਾਰਤ ਵਿੱਚ ਗਰੀਬੀ ਰੇਖਾ ਦਾ ਨਿਰਧਾਰਣ ਕਿਸ ਅਧਾਰ ਤੇ ਕੀਤਾ ਜਾਂਦਾ ਹੈ?**

(a) ਆਮਦਨ (b) ਬੱਚਤ

(c) ਕੈਲੋਰੀ (d) ਉਪਭੋਗ ਖਰਚ

**(xvi)** **ਅਰਥਵਿਵਸਥਾ ਵਿੱਚ ਉਤਾਰ-ਚੜਾਅ ਕਾਰਨ ਪੈਦਾ ਹੋਈ ਬੇਰੁਜ਼ਗਾਰੀ ਨੂੰ ਕੀ ਕਿਹਾ ਜਾਂਦਾ ਹੈ?**

(a) ਅਦ੍ਰਿਸ਼ ਬੇਰੁਜ਼ਗਾਰੀ (b) ਸਰੰਚਨਾਤਮਕ ਬੇਰੁਜ਼ਗਾਰੀ

(c) ਉਦਯੋਗਿਕ ਬੇਰੁਜ਼ਗਾਰੀ (d) ਚੱਕਰੀ ਬੇਰੁਜ਼ਗਾਰੀ

**(xvii)** **ਹੇਠਾਂ ਵਿੱਚੋਂ ਕਿਹੜਾ ਊਰਜਾ ਦਾ ਪਰੰਪਰਾਗਤ ਸਰੋਤ ਨਹੀ ਹੈ?**

(a) ਕੋਇਲਾ (b) ਪੈਟਰੋਲੀਅਮ

(c) ਪ੍ਰਾਕ੍ਰਿਤਿਕ ਗੈਸ (d) ਸੋਰ ਊਰਜਾ

**(xviii)** **ਧਾਰਣੀ ਵਿਕਾਸ ਉਹ ਵਿਕਾਸ ਹੈ ਜੋ:**

(a) ਵਰਤਮਾਨ ਪੀੜ੍ਹੀ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ (b) ਭਾਵੀ ਪੀੜ੍ਹੀ ਦੀਆਂ ਲੋੜਾਂ ਨੂੰ ਪੂਰਾ ਕਰੇਗਾ

(c) ਵਰਤਮਾਨ ਤੇ ਭਾਵੀ ਦੋਨੋ ਪੀੜ੍ਹੀ ਦੀ ਲੋੜਾਂ ਦੀ ਪੂਰਤੀ ਕਰੇਗਾ (d) ਉਪਰੋਕਤ ਵਿੱਚੋਂ ਕੋਈ ਨਹੀ

**(xix)** 1948 ਵਿੱਚ ਭਾਰਤ ਦੀ ਸਾਖਰਤਾ ਦਰ ਕਿੰਨੀ ਸੀ?

(a) 18% (b) 82%

(c) 74% (d) 26%

**(xx) ਜਦੋਂ ਚਰਾਂ ਵਿੱਚ ਸਹਿ-ਸੰਬੰਧ ਦਾ (r) ਮੁੱਲ** -1 ਹੋਵੇ ਤਾਂ ਚਰਾਂ ਵਿੱਚ ਸੰਬੰਧ ਕਿਹੋ ਜਿਹਾ ਹੋਵੇਗਾ:

(a) ਪੂਰਨ ਧਨਾਤਮਕ (b) ਪੂਰਨ ਰਿਣਾਤਮਕ

(c) ਕੋਈ ਸਹਿ-ਸੰਬੰਧ ਨਹੀ (d) ਸੀਮਿਤ ਸਹਿ-ਸੰਬੰਧ

## ਭਾਗ-ਅ

**2. ਸਾਰੇ ਪ੍ਰਸ਼ਨ ਜਰੂਰੀ ਹਨ। ਹਰ ਪ੍ਰਸ਼ਨ ਦਾ 1 ਅੰਕ ਹੈ।ਸਹੀ/ ਗਲਤ ਪਤਾ ਕਰੋ:** 10*1=10

(i) ਮੱਧਵਰਤੀ ਵਸਤੂਆਂ ਰਾਸ਼ਟਰੀ ਆਮਦਨ ਵਿੱਚ ਸ਼ਾਮਿਲ ਹੁੰਦੀਆਂ ਹਨ।

(ii) ਵਾਪਸੀ ਉਹ ਪ੍ਰਵਾਹ ਚਰ ਹੈ ਜਿਸਦਾ ਉਤਪਾਦਨ ਪ੍ਰਕਿਰਿਆ ਤੇ ਧਨਾਤਮਕ ਪ੍ਰਭਾਵ ਪੈਂਦਾ ਹੈ।

(iii) ਜੇ MPS ਦਾ ਮੁੱਲ 1 ਹੋਵੇ ਤਾਂ ਗੁਣਕ ਦਾ ਮੁੱਲ 2 ਹੋਵੇਗਾ।

(iv) ਵਪਾਰਕ ਬੈਂਕਾਂ ਦਾ ਮੁੱਖ ਉਦੇਸ਼ ਲਾਭ ਕਮਾਉਣਾ ਹੁੰਦਾ ਹੈ।

(v) ਆਮਦਨ ਦੀ ਅਸਮਾਨ ਵੰਡ ਕਾਰਨ ਗਰੀਬੀ ਵਿੱਚ ਵਾਧਾ ਹੁੰਦਾ ਹੈ।

(vi) ਨਵੀਂ ਉਦਯੋਗਿਕ ਨੀਤੀ ਦਾ ਉਦੇਸ਼ ਨਿਜੀ ਖੇਤਰ ਤੇ ਰੋਕ ਲਗਾਉਣਾ ਹੈ।

(vii) ਖਨਨ ਤੇ ਖੁਦਾਈ ਨੂੰ ਮੁੱਢਲੇ ਖੇਤਰ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

(viii) ਬਿਜਲੀ ਵਪਾਰਕ ਊਰਜਾ ਸਰੋਤ ਹੈ।

(ix) ਜੇ ਸਹਿ-ਸੰਬੰਧ ਗੁਣਾਂਕ ਦਾ ਮੁੱਲ +1 ਹੋਵੇ ਤਾਂ ਦੋ ਚਰਾਂ ਵਿੱਚ ਰਿਣਾਤਮਕ ਸੰਬੰਧ ਪਾਇਆ ਜਾਂਦਾ ਹੈ।

(x) ਸੂਚਕਾਂਕ ਨਾਲ ਕੀਮਤ ਪੱਧਰ ਵਿੱਚ ਹੋਣ ਵਾਲੇ ਪਰਿਵਰਤਨ ਨੂੰ ਮਾਪਿਆ ਜਾ ਸਕਦਾ ਹੈ।

## ਭਾਗ-ੲ

**3. ਸਾਰੇ ਪ੍ਰਸ਼ਨ ਜਰੂਰੀ ਹਨ।ਹਰ ਪ੍ਰਸ਼ਨ ਦੇ 2 ਅੰਕ ਹਨ।** 15*2=30

(i) ਸਥਾਈ ਪੂੰਜੀ ਦੇ ਉਪਭੋਗ ਤੋਂ ਕੀ ਭਾਵ ਹੈ?

(ii) ਇੱਕ ਹੀ ਵਸਤੂ ਅੰਤਿਮ ਜਾਂ ਮੱਧਵਰਤੀ ਵਸਤੂ ਹੋ ਸਕਦੀ ਹੈ।ਵਿਆਖਿਆ ਕਰੋ।

(iii) ਮੁਦਰਾ ਦੇ ਮੋਦਰਿਕ ਮੁੱਲ ਤੋਂ ਕੀ ਭਾਵ ਹੈ?

(iv) ਵਪਾਰਕ ਬੈਂਕ ਦੇ ਦੋ ਮੁੱਖ ਕੰਮ ਕੀ ਹਨ?

(v) ਜੇ ਰਾਸ਼ਟਰੀ ਆਮਦਨ 1000 ਕਰੋੜ ਰੁਪਏ ਅਤੇ ਉਪਭੋਗ ਖਰਚ 700 ਕਰੋੜ ਹੋਵੇ ਤਾਂ ਔਸਤ ਉਪਭੋਗ ਪ੍ਰਵਿਰਤੀ ਪਤਾ ਕਰੋ।

(vi) ਹਾਜ਼ਰ ਵਟਾਂਦਰਾ ਦਰ ਕੀ ਹੁੰਦੀ ਹੈ?

(vii) ਇੱਕ ਅਰਥਵਿਵਸਥਾ ਵਿੱਚ 10 ਕਰੋੜ ਦਾ ਨਿਵੇਸ਼ ਕਰਨ ਨਾਲ ਆਮਦਨ ਵਿੱਚ 50 ਕਰੋੜ ਰੁਪਏ ਦਾ ਵਾਧਾ ਹੁੰਦਾ ਹੈ ਤਾਂ ਗੁਣਕ ਦਾ ਮੁੱਲ ਕੀ ਹੋਵੇਗਾ?

(viii) ਅਰਧ-ਸਾਮੰਤੀ ਅਰਥਵਿਵਸਥਾ ਤੋਂ ਕੀ ਭਾਵ ਹੈ?

(ix) ਉਦਯੋਗਿਕ ਵਿਕਾਸ ਹੋਣ ਨਾਲ ਰੁਜ਼ਗਾਰ ਵਿੱਚ ਵਾਧਾ ਕਿਵੇਂ ਹੋ ਸਕਦਾ ਹੈ?

(x) 1991 ਦੀ ਆਰਥਿਕ ਨੀਤੀ ਅਨੁਸਾਰ ਉਦਾਰੀਕਰਨ ਲਈ ਕੀ ਉਪਾਅ ਕੀਤੇ ਗਏ?

(xi) ਗਰੀਬੀ ਨੂੰ ਦੂਰ ਕਰਨ ਦੇ ਕੋਈ ਚਾਰ ਉਪਾਅ ਦੱਸੋ।

(xii) ਚੱਕਰੀ ਬੇਰੁਜ਼ਗਾਰੀ ਤੋਂ ਕੀ ਭਾਵ ਹੈ?

(xiii) ਧਾਰਣੀ ਵਿਕਾਸ ਅਤੇ ਆਰਥਿਕ ਵਿਕਾਸ ਵਿੱਚ ਦੋ ਅੰਤਰ ਦੱਸੋ।

(xiv) ਗਰੀਬੀ ਰੇਖਾ ਤੋਂ ਕੀ ਭਾਵ ਹੈ?

(xv) ਜੇ $\sum p_1q_1 = 1560$ ਹੋਵੇ ਅਤੇ $\sum p_0q_1 = 1450$ ਹੋਵੇ ਤਾਂ ਪਾਸਚੇ ਅਨੁਸਾਰ ਸੂਚਕਾਂਕ ਪਤਾ ਕਰੋ।

## ਭਾਗ-ਸ

**4. ਹਰ ਪ੍ਰਸ਼ਨ ਵਿੱਚ 100% ਆਂਤਰਿਕ ਛੋਟ ਹੈ।ਹਰ ਪ੍ਰਸ਼ਨ ਦੇ 4 ਅੰਕ ਹਨ।ਹਰ ਪ੍ਰਸ਼ਨ ਦਾ ਉੱਤਰ 60-70 ਸ਼ਬਦਾਂ ਵਿੱਚ ਦਿਓ।** 5*4=20

**(i)** ਵਪਾਰਕ ਬੈਂਕ ਦੇ ਕੰਮਾਂ ਦਾ ਵਰਨਣ ਕਰੋ। Or

ਕੇਂਦਰੀ ਬੈਂਕ ਦੇ ਕੰਮਾਂ ਦਾ ਵਰਨਣ ਕਰੋ।

**(ii)** ਜੇ MPC ਦਾ ਮੁੱਲ 0.75 ਹੋਵੇ ਅਤੇ ਅਰਥਵਿਵਸਥਾ ਵਿੱਚ 300 ਕਰੋੜ ਦਾ ਸਵੈ-ਚਾਲਿਤ ਨਿਵੇਸ਼ ਕੀਤਾ ਜਾਵੇ ਤਾਂ ਰਾਸ਼ਟਰੀ ਆਮਦਨ ਵਿੱਚ ਕਿੰਨਾ ਵਾਧਾ ਹੋਵੇਗਾ। Or

ਹੇਠਾਂ ਦਿੱਤੇ ਅੰਕੜਿਆਂ ਅਨੁਸਾਰ ਘਰੇਲੂ ਸਾਧਨ ਆਮਦਨ ਅਤੇ ਰਾਸ਼ਟਰੀ ਆਮਦਨ ਪਤਾ ਕਰੋ:

| **ਮਦਾਂ** | **ਕਰੋੜ ਰੁ:** |
|---|---|
| ਕਰਮਚਾਰੀ ਦਾ ਮੇਹਨਤਾਨਾ | 12000 |
| ਮਿਸ਼ਰਿਤ ਆਮਦਨ | 2500 |
| ਲਾਭ | 4600 |
| ਕਿਰਾਇਆ | 2700 |
| ਨਿਗਮ ਕਰ | 600 |
| ਵਿਆਜ | 1900 |
| ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ | 3500 |

**(iii)** ਆਰਥਿਕ ਸੁਧਾਰਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ?Or

ਭਾਰਤ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਦੇ ਕੀ ਕਾਰਨ ਹਨ?

**(iv)** ਧਾਰਣੀ ਵਿਕਾਸ ਦਾ ਕੀ ਮਹੱਤਵ ਹੈ? ਵਿਆਖਿਆ ਕਰੋ। Or

ਭਾਰਤ ਵਿੱਚ ਉਦਯੋਗਿਕ ਵਿਕਾਸ ਦੀਆਂ ਕੀ ਸਮੱਸਿਆਵਾਂ ਹਨ?

**(v)** ਸੂਚਕਾਂਕ ਦੀ ਰਚਨਾ ਸਮੇਂ ਕੀ ਕਠਿਨਾਈਆਂ ਆਉਂਦੀਆਂ ਹਨ? Or

ਹੇਠ ਲਿਖੇ ਅੰਕੜਿਆਂ ਅਨੁਸਾਰ ਕੀਮਤ ਅਤੇ ਮੰਗ ਵਿੱਚ ਸਹਿ-ਸੰਬੰਧ ਪਤਾ ਕਰੋ:

| | | | | | |
|---|---|---|---|---|---|
| X (PRICE) : | 10 | 20 | 30 | 40 | 50 |
| Y (DEMAND): | 100 | 80 | 60 | 40 | 20 |